# ਆਕਾਸ਼ਵਾਣੀ ਜਲੰਧਰ

# ਰਾਸ਼ਟਰੀ ਖਬਰਾਂ ਪੰਜਾਬੀ

**08:30**

**ਮਿਤੀ : 05-10-2026**

***ਪਹਿਲਾ ਬੁਲੇਟਿਨ ਦੀਆਂ ਖਾਸ ਖਬਰਾਂ***

- ਪ੍ਰਧਾਨ ਮੰਤਰੀ ਨਰੇਂਦਰ ਮੋਦੀ ਅਤੇ ਸਵਿਟਜ਼ਰਲੈਂਡ ਦੇ ਰਾਸ਼ਟਰਪਤੀ Guy Parmelin ਅੱਜ ਨਵੀਂ ਦਿੱਲੀ ਵਿੱਚ ਦੁਵੱਲੀ ਗੱਲਬਾਤ ਕਰਨਗੇ।

- ਭਾਰਤ ਅਤੇ ਕੈਨੇਡਾ, ਤਜਵੀਜ਼ਸ਼ੁਦਾ 'ਵਿਆਪਕ ਆਰਥਿਕ ਭਾਈਵਾਲੀ ਸਮਝੌਤੇ' (CEPA) ਲਈ ਗੱਲਬਾਤ ਦਾ ਪੰਜਵਾਂ ਗੇੜ ਅੱਜ ਕੈਨੇਡਾ ਦੀ ਰਾਜਧਾਨੀ ਓਟਾਵਾ ਵਿੱਚ ਸ਼ੁਰੂ ਕਰਨਗੇ।

- ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਕਿਹਾ ਏ ਕਿ ਵਿਕਸਿਤ ਭਾਰਤ ਦੇ ਟੀਚੇ ਨੂੰ ਹਾਸਿਲ ਕਰਨ ਲਈ, ਅਜਿਹੀ ਆਰਥਿਕਤਾ ਜ਼ਰੂਰੀ ਏ, ਜਿੱਥੇ ਹਰ ਤਰ੍ਹਾਂ ਦੇ ਉੱਦਮਾਂ ਨੂੰ ਵਧਣ ਦੇ ਮੌਕੇ ਮਿਲਣ।

- ਕੇਂਦਰੀ ਮੰਤਰੀ ਸਰਬਾਨੰਦ ਸੋਨੋਵਾਲ ਅੱਜ ਅਸਾਮ ਦੇ ਡਿਬਰੂਗੜ੍ਹ ਤੋਂ ਪਹਿਲੇ ਅੰਤਰਰਾਸ਼ਟਰੀ ਮਾਲਵਾਹਕ ਜਹਾਜ਼ ਨੂੰ ਰਵਾਨਾ ਕਰਨਗੇ।

- Fly dubai ਉਡਾਨ ਦੇ ਓਮਾਨੀ ਸਹਿ-ਪਾਇਲਟ ਨੇ, ਜਹਾਜ਼ ਨੂੰ ਅਗਵਾ ਕਰਨ ਦੀ ਨਾਕਾਮ ਕੋਸ਼ਿਸ਼ ਤੋਂ ਬਾਅਦ, ਉਸਨੂੰ ਸਾਊਦੀ ਅਰਬ ਦੇ ਰੇਗਿਸਤਾਨ ਵਿੱਚ ਸੁੱਟਣ ਦੀ ਕੋਸ਼ਿਸ਼ ਕੀਤੀ ਸੀ।

## *ਹੁਣ ਖਬਰਾਂ ਵਿਸਥਾਰ ਨਾਲ*

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਅਤੇ ਸਵਿਟਜ਼ਰਲੈਂਡ ਦੇ ਰਾਸ਼ਟਰਪਤੀ Guy Parmelin ਅੱਜ ਨਵੀਂ ਦਿੱਲੀ ਵਿੱਚ ਗੱਲਬਾਤ ਕਰਨਗੇ। ਰਾਸ਼ਟਰਪਤੀ ਪਾਰਮੇਲਿਨ ਭਾਰਤ ਦੇ ਤਿੰਨ ਦਿਨਾਂ ਸਰਕਾਰੀ ਦੌਰੇ 'ਤੇ ਹੋਣਗੇ। ਉਨ੍ਹਾਂ ਦੇ ਨਾਲ ਉੱਚ-ਪੱਧਰੀ ਵਫ਼ਦ ਵੀ ਏ, ਜਿਸ ਵਿੱਚ ਸੀਨੀਅਰ ਅਧਿਕਾਰੀ ਅਤੇ ਵਪਾਰਕ ਜਗਤ ਦੀਆਂ ਪ੍ਰਮੁੱਖ ਸ਼ਖਸੀਅਤਾਂ ਸ਼ਾਮਲ ਨੇ।

ਸ੍ਰੀ ਮੋਦੀ ਅਤੇ ਰਾਸ਼ਟਰਪਤੀ ਪਾਰਮੇਲਿਨ, ਵਪਾਰ ਅਤੇ ਨਿਵੇਸ਼, ਵਿਗਿਆਨ, ਤਕਨਾਲੋਜੀ ਅਤੇ ਨਵੀਨਤਾ, ਆਵਾਜਾਈ , ਸੱਭਿਆਚਾਰ ਅਤੇ ਲੋਕਾਂ ਵਿਚਕਾਰ ਸੰਪਰਕ ਸਮੇਤ ਵੱਖ-ਵੱਖ ਖੇਤਰਾਂ ਵਿੱਚ ਸਹਿਯੋਗ

ਦੀ ਪ੍ਰਗਤੀ ਦਾ ਜਾਇਜ਼ਾ ਲੈਣਗੇ। ਦੋਵੇਂ ਆਗੂ ਖੇਤਰੀ ਅਤੇ ਆਲਮੀ ਘਟਨਾਕ੍ਰਮ 'ਤੇ ਵੀ ਚਰਚਾ ਕਰਨਗੇ, ਜਿਸ ਵਿੱਚ ਬਹੁ-ਪੱਖੀ ਮੰਚਾਂ 'ਤੇ ਸਹਿਯੋਗ ਵੀ ਸ਼ਾਮਲ ਏ।

ਰਾਸ਼ਟਰਪਤੀ ਪਾਰਮੇਲਿਨ ਅੱਜ ਸ਼ਾਮੀਂ ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨਾਲ ਮੁਲਾਕਾਤ ਕਰਨਗੇ। ਵਿਦੇਸ਼ ਮੰਤਰੀ ਡਾ. ਐੱਸ. ਜੈਸ਼ੰਕਰ ਵੀ ਰਾਸ਼ਟਰਪਤੀ ਪਾਰਮੇਲਿਨ ਨਾਲ ਮੀਟਿੰਗ ਕਰਨਗੇ।

---------------------------------------------------------

ਵਿਦੇਸ਼ ਮੰਤਰੀ ਡਾ. ਐੱਸ. ਜੈਸ਼ੰਕਰ ਨੇ ਕਿਹਾ ਏ ਕਿ ਜਦ ਭਾਰਤ ਦੀ ਸੁਰੱਖਿਆ ਅਤੇ ਖੇਤਰੀ ਅਖੰਡਤਾ ਨੂੰ ਖਤਰਾ ਸੀ, ਤਾਂ ਰੂਸ ਨੇ ਵੱਖ-ਵੱਖ ਤਰੀਕਿਆਂ ਨਾਲ ਭਾਰਤ ਦੀ ਹਮਾਇਤ ਕੀਤੀ।

ਨਵੀਂ ਦਿੱਲੀ ਵਿੱਚ 62ਵੇਂ ਮਿਊਨਿਖ ਸੁਰੱਖਿਆ ਸੰਮੇਲਨ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ, ਜਦੋਂ ਦੁਨੀਆ ਦੇ ਕਈ ਦੇਸ਼, ਭਾਰਤ ਦੇ ਗੁਆਂਢ ਵਿੱਚ ਫੌਜੀ ਹਕੂਮਤ ਦਾ ਸਮਰਥਨ ਕਰ ਰਹੇ ਸਨ ਤਾਂ ਰੂਸ ਨਾਲ ਭਾਰਤ ਦੇ ਸਬੰਧ ਬਹੁਤ ਵਧੀਆ ਸਨ। ਉਨ੍ਹਾਂ ਕਿਹਾ ਕਿ ਇਸ ਇਤਿਹਾਸਕ ਵਿਰਾਸਤ ਦਾ, ਭਾਰਤ-ਰੂਸ ਸਬੰਧਾਂ 'ਤੇ ਡੂੰਘਾ ਪ੍ਰਭਾਵ ਏ।

ਡਾ. ਜੈਸ਼ੰਕਰ ਨੇ ਕਿਹਾ ਕਿ ਅੱਜ ਦੋਵਾਂ ਦੇਸ਼ਾਂ ਵਿਚਕਾਰ ਸਬੰਧਾਂ ਦਾ ਦਾਇਰਾ ਵਧਿਆ ਏ ਅਤੇ ਹੁਣ ਇਹ ਆਰਥਿਕ ਭਾਈਵਾਲੀ ਦਾ ਰੂਪ ਲੈ ਚੁੱਕਾ ਏ। ਉਨ੍ਹਾਂ ਕਿਹਾ ਕਿ ਫੌਜੀ, ਪ੍ਰਮਾਣੂ ਊਰਜਾ ਅਤੇ ਪੁਲਾੜ ਖੇਤਰਾਂ ਵਿੱਚ ਸਹਿਯੋਗ

ਦੇ ਨਾਲ-ਨਾਲ, ਭਾਰਤ ਅਤੇ ਰੂਸ ਵਿਚਕਾਰ ਵੱਡੇ ਪੱਧਰ 'ਤੇ ਵਪਾਰ ਅਤੇ ਨਿਵੇਸ਼ ਵੀ ਹੁੰਦਾ ਏ।

ਰੂਸ-ਯੂਕਰੇਨ ਸੰਘਰਸ਼ ਨੂੰ ਮੰਦਭਾਗਾ ਕਰਾਰ ਦਿੰਦਿਆਂ ਵਿਦੇਸ਼ ਮੰਤਰੀ ਨੇ ਕਿਹਾ ਕਿ ਭਾਰਤ ਦਾ ਰੁਖ਼ ਸਪੱਸ਼ਟ ਏ ਅਤੇ ਉਹ ਇਸ ਸੰਘਰਸ਼ ਦਾ ਅੰਤ ਚਾਹੁੰਦਾ ਏ। ਉਨ੍ਹਾਂ ਕਿਹਾ ਕਿ ਇਸ ਲਈ ਗੱਲਬਾਤ ਅਤੇ ਕੂਟਨੀਤੀ ਬਹੁਤ ਜ਼ਰੂਰੀ ਨੇ ਅਤੇ ਦੋਵਾਂ ਧਿਰਾਂ ਵਿਚਕਾਰ ਗੱਲਬਾਤ ਹੋਣੀ ਚਾਹੀਦੀ ਏ।

--------------------------------------------------------

ਭਾਰਤ ਅਤੇ ਕੈਨੇਡਾ ਵਿਚਕਾਰ ਤਜਵੀਜ਼ਸ਼ੁਦਾ 'ਵਿਆਪਕ ਆਰਥਿਕ ਭਾਈਵਾਲੀ ਸਮਝੌਤੇ' (CEPA) ਲਈ ਗੱਲਬਾਤ ਦਾ ਪੰਜਵਾਂ ਗੇੜ ਅੱਜ ਕੈਨੇਡਾ ਦੀ ਰਾਜਧਾਨੀ ਓਟਾਵਾ ਵਿੱਚ ਸ਼ੁਰੂ ਹੋਵੇਗਾ। ਦੋਵਾਂ ਦੇਸ਼ਾਂ ਦਾ ਟੀਚਾ ਸਾਲ ਦੇ ਅੰਤ ਤੱਕ ਸਮਝੌਤੇ ਨੂੰ ਅੰਤਿਮ ਰੂਪ ਦੇਣਾ ਏ। ਪੰਜ ਦਿਨ ਚੱਲਣ ਵਾਲੀ ਇਹ ਗੱਲਬਾਤ 9 ਅਕਤੂਬਰ ਤੱਕ ਜਾਰੀ ਰਹੇਗੀ। ਇਸ ਤੋਂ ਪਹਿਲਾਂ, ਪਿਛਲੇ ਮਹੀਨੇ 18 ਸਤੰਬਰ ਨੂੰ ਨਵੀਂ ਦਿੱਲੀ ਵਿੱਚ ਗੱਲਬਾਤ ਦਾ ਚੌਥਾ ਗੇੜ ਖਤਮ ਹੋਇਆ ਸੀ।

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਅਤੇ ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਮਾਰਚ ਵਿੱਚ ਨਵੀਂ ਦਿੱਲੀ ਵਿਖੇ ਹੋਈ ਆਪਣੀ ਮੁਲਾਕਾਤ ਦੌਰਾਨ ਸਾਲ ਦੇ ਅੰਤ ਤੱਕ ਇਸ ਸਮਝੌਤੇ ਬਾਰੇ ਗੱਲਬਾਤ ਨੂੰ ਨੇਪਰੇ ਚਾੜ੍ਹਨ ਦਾ ਟੀਚਾ ਮਿੱਥਿਆ ਸੀ। ਦੋਵੇਂ ਆਗੂਆਂ ਨੇ ਊਰਜਾ ਅਤੇ

ਮਹੱਤਵਪੂਰਨ ਖਣਿਜਾਂ ਦੇ ਖੇਤਰਾਂ ਵਿੱਚ ਦੁਵੱਲੇ ਸਹਿਯੋਗ ਨੂੰ ਵਧਾਉਣ 'ਤੇ ਵੀ ਸਹਿਮਤੀ ਪ੍ਰਗਟਾਈ ਸੀ। ਉਨ੍ਹਾਂ ਕਿਹਾ ਕਿ ਇੱਕ ਵਿਆਪਕ ਵਪਾਰਕ ਸਮਝੌਤਾ ਦੋਵਾਂ ਦੇਸ਼ਾਂ ਵਿਚਕਾਰ ਭਾਈਵਾਲੀ ਨੂੰ ਮਜ਼ਬੂਤ ਕਰੇਗਾ ਅਤੇ 2030 ਤੱਕ ਦੁਵੱਲੇ ਵਪਾਰ ਨੂੰ 4 ਲੱਖ 65 ਹਜ਼ਾਰ ਕਰੋੜ ਰੁਪਏ ਤੱਕ ਵਧਾਉਣ ਦੇ ਸਾਂਝੇ ਟੀਚੇ ਨੂੰ ਹਾਸਿਲ ਕਰਨ ਵਿੱਚ ਸਹਾਈ ਹੋਵੇਗਾ।

---------------------------------------------------------

ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਕਿਹਾ ਏ ਕਿ ਵਿਕਸਿਤ ਭਾਰਤ ਦੇ ਟੀਚੇ ਨੂੰ ਹਾਸਿਲ ਕਰਨ ਲਈ ਅਜਿਹੀ ਆਰਥਿਕਤਾ ਜ਼ਰੂਰੀ ਏ ਜਿੱਥੇ ਹਰ ਤਰ੍ਹਾਂ ਦੇ ਉੱਦਮਾਂ ਨੂੰ ਵਧਣ ਦੇ ਮੌਕੇ ਮਿਲਣ। ਉਨ੍ਹਾਂ ਕਿਹਾ ਕਿ ਸਰਕਾਰ ਨੇ ਪਿਛਲੇ 12 ਸਾਲਾਂ ਦੌਰਾਨ ਇਸ ਲਈ ਅਨੁਕੂਲ ਮਾਹੌਲ ਸਿਰਜਣ ਲਈ ਕੰਮ ਕੀਤਾ ਏ।

ਇੱਕ ਅਖਬਾਰ ਵਿੱਚ ਪ੍ਰਕਾਸ਼ਿਤ ਲੇਖ ਵਿੱਚ, ਵਿੱਤ ਮੰਤਰੀ ਨੇ ਕਿਹਾ ਕਿ 2017 ਵਿੱਚ ਜੀ.ਐੱਸ.ਟੀ. ਨੂੰ ਲਾਗੂ ਕਰਨ ਨਾਲ ਅਸਿੱਧੇ ਟੈਕਸਾਂ ਲਈ ਇੱਕ ਸਾਂਝੀ ਰਾਸ਼ਟਰੀ ਪ੍ਰਣਾਲੀ ਕਾਇਮ ਹੋਈ।

ਵਿੱਤ ਮੰਤਰੀ ਨੇ ਦੱਸਿਆ ਕਿ ਅਗਸਤ ਦੇ ਅੰਤ ਤੱਕ, ਕੇਂਦਰ ਅਤੇ ਰਾਜਾਂ ਦੇ ਅਧਿਕਾਰ-ਖੇਤਰ ਅਧੀਨ GST ਰਜਿਸਟ੍ਰੇਸ਼ਨਾਂ ਦੀ ਗਿਣਤੀ, ਕਰੀਬ ਇੱਕ ਕਰੋੜ 71 ਲੱਖ ਸੀ, ਜੋ ਕਿ ਇੱਕ ਸਾਲ ਪਹਿਲਾਂ ਦੇ ਮੁਕਾਬਲੇ, ਕਰੀਬ 15 ਫੀਸਦੀ ਵੱਧ ਏ।

ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ 'ਵਿਕਸਿਤ ਭਾਰਤ' ਦੇ ਦ੍ਰਿਸ਼ਟੀਕੋਣ ਤਹਿਤ, ਦੋ ਮੁੱਖ ਉਦੇਸ਼ਾਂ ਨਾਲ ਅਗਲੀ ਪੀੜ੍ਹੀ ਦੇ ਜੀ.ਐੱਸ.ਟੀ. ਦੀ ਕਲਪਨਾ ਕੀਤੀ ਗਈ ਏ। ਇਨ੍ਹਾਂ ਵਿੱਚ ਟੈਕਸ ਦਰਾਂ ਨੂੰ ਘਟਾਉਣਾ ਤੇ ਤਰਕਸੰਗਤ ਬਣਾਉਣਾ ਅਤੇ ਪਾਲਣਾ ਪ੍ਰਕਿਰਿਆ ਨੂੰ ਸਰਲ ਬਣਾਉਣਾ ਸ਼ਾਮਲ ਏ।

----------------------------------------------------------

ਬੰਦਰਗਾਹਾਂ, ਜਹਾਜ਼ਰਾਨੀ ਅਤੇ ਜਲ-ਮਾਰਗ ਮੰਤਰੀ ਸਰਬਾਨੰਦ ਸੋਨੋਵਾਲ ਅੱਜ ਅਸਾਮ ਦੇ ਡਿਬਰੂਗੜ੍ਹ ਤੋਂ ਪਹਿਲੇ ਅੰਤਰਰਾਸ਼ਟਰੀ ਮਾਲਵਾਹਕ ਜਹਾਜ਼ ਨੂੰ ਰਵਾਨਾ ਕਰਨਗੇ। ਅਸਾਮ ਦੇ ਮੁੱਖ ਮੰਤਰੀ ਹਿਮੰਤ ਬਿਸਵਾ ਸਰਮਾ ਵੀ ਇਸ ਸਮਾਗਮ ਵਿੱਚ ਵਰਚੁਅਲ ਮਾਧਿਅਮ ਰਾਹੀਂ ਸ਼ਾਮਲ ਹੋਣਗੇ।

ਇਸ ਯਾਤਰਾ ਦੌਰਾਨ, ਆਸਾਮ ਪੈਟਰੋ-ਕੈਮੀਕਲਜ਼ ਲਿਮਟਿਡ ਤੋਂ ਮੈਥਾਨੋਲ, ਬੰਗਲਾਦੇਸ਼ ਦੇ ਢਾਕਾ ਸਥਿਤ ਪੰਗਾਓਂ ਬੰਦਰਗਾਹ ਤੱਕ ਪਹੁੰਚਾਇਆ ਜਾਵੇਗਾ। ਮਾਲ-ਵਾਹਕ ਜਹਾਜ਼, ਬ੍ਰਹਮਪੁੱਤਰ ਨਦੀ 'ਤੇ ਸਥਿਤ ਰਾਸ਼ਟਰੀ ਜਲ-ਮਾਰਗ-2 ਅਤੇ ਭਾਰਤ-ਬੰਗਲਾਦੇਸ਼ ਪ੍ਰੋਟੋਕੋਲ ਰੂਟ ਰਾਹੀਂ ਲੰਘੇਗਾ।

ਆਜ਼ਾਦੀ ਤੋਂ ਬਾਅਦ, ਡਿਬਰੂਗੜ੍ਹ ਤੋਂ ਕਿਸੇ ਵਿਦੇਸ਼ੀ ਬੰਦਰਗਾਹ ਲਈ, ਪਹਿਲੀ ਵਾਰ ਮਾਲ ਭੇਜਿਆ ਜਾ ਰਿਹਾ ਏ। ਇਸ ਨੂੰ, ਅਸਾਮ ਵਿੱਚ

ਦਰਿਆਈ ਵਪਾਰ ਨੂੰ ਮੁੜ ਸੁਰਜੀਤ ਕਰਨ ਅਤੇ ਉੱਤਰ-ਪੂਰਬ ਵਿੱਚ ਅੰਦਰੂਨੀ ਜਲ-ਮਾਰਗ ਸੰਪਰਕ ਨੂੰ ਮਜ਼ਬੂਤ ਕਰਨ ਦੀ ਦਿਸ਼ਾ ਵਿੱਚ ਇੱਕ ਅਹਿਮ ਕਦਮ ਵਜੋਂ ਦੇਖਿਆ ਜਾ ਰਿਹਾ ਏ।

---------------------------------------------------------

ਅਮਲੇ, ਜਨਤਕ ਸ਼ਿਕਾਇਤਾਂ ਅਤੇ ਪੈਨਸ਼ਨ ਮੰਤਰੀ ਡਾ. ਜਿਤੇਂਦਰ ਸਿੰਘ ਅੱਜ ਨਵੀਂ ਦਿੱਲੀ ਵਿੱਚ 17ਵੀਂ ਪੈਨਸ਼ਨ ਅਦਾਲਤ ਦੀ ਪ੍ਰਧਾਨਗੀ ਕਰਨਗੇ। ਇਸ ਦੌਰਾਨ, 80 ਸਾਲ ਤੋਂ ਵੱਧ ਉਮਰ ਵਾਲੇ ਸੁਪਰ-ਸੀਨੀਅਰ ਪੈਨਸ਼ਨਰਾਂ ਅਤੇ ਪਰਿਵਾਰਕ ਪੈਨਸ਼ਨਰਾਂ ਦੀਆਂ ਲੰਬੇ ਸਮੇਂ ਤੋਂ ਚਲੀਆਂ ਆ ਰਹੀਆਂ 897 ਸ਼ਿਕਾਇਤਾਂ ਦਾ ਨਿਪਟਾਰਾ ਕੀਤਾ ਜਾਵੇਗਾ। ਡਾ. ਸਿੰਘ ਇਸ ਸਾਲ 13 ਮਈ ਨੂੰ ਆਯੋਜਿਤ 16ਵੀਂ ਪੈਨਸ਼ਨ ਅਦਾਲਤ ਦੀ ਸਫਲਤਾ ਨੂੰ ਉਜਾਗਰ ਕਰਨ ਵਾਲੇ ਛੋਟੇ ਪੋਸਟਰ ਜਾਰੀ ਕਰਨਗੇ। ਇਸ ਮੌਕੇ, ਪਰਿਵਾਰਕ ਪੈਨਸ਼ਨਰਾਂ ਨਾਲ ਸਬੰਧਤ ਮੁੱਦਿਆਂ ਬਾਰੇ ਅਕਸਰ ਪੁੱਛੇ ਜਾਣ ਵਾਲੇ ਸਵਾਲਾਂ ਅਤੇ ਜਵਾਬਾਂ ਵਾਲਾ ਇੱਕ ਕਿਤਾਬਚਾ ਵੀ ਜਾਰੀ ਕੀਤਾ ਜਾਵੇਗਾ।

ਮੰਤਰਾਲੇ ਨੇ ਦੱਸਿਆ ਕਿ 2017 ਵਿੱਚ ਪੈਨਸ਼ਨ ਅਦਾਲਤਾਂ ਦੀ ਸ਼ੁਰੂਆਤ ਤੋਂ ਲੈ ਕੇ ਹੁਣ ਤੱਕ ਲਗਾਈਆਂ ਗਈਆਂ 16 ਅਦਾਲਤਾਂ ਵਿੱਚ ਉਠਾਈਆਂ ਗਈਆਂ ਕੁੱਲ 28 ਹਜ਼ਾਰ 797 ਸ਼ਿਕਾਇਤਾਂ ਵਿੱਚੋਂ 20 ਹਜ਼ਾਰ 676 ਦਾ ਨਿਪਟਾਰਾ ਮੌਕੇ 'ਤੇ ਹੀ ਕਰ ਦਿੱਤਾ ਗਿਆ ਏ।

---------------------------------------------------

ਇਟਲੀ ਦੀ ਇੱਕ ਅਖਬਾਰ ਦੀ ਇੱਕ ਰਿਪੋਰਟ ਅਨੁਸਾਰ, Fly dubai ਦੀ ਉਡਾਨ ਦੇ ਓਮਾਨੀ ਸਹਿ-ਪਾਇਲਟ ਨੇ, ਜਹਾਜ਼ ਨੂੰ ਅਗਵਾ ਕਰਨ ਦੀ ਇੱਕ ਨਾਕਾਮ ਕੋਸ਼ਿਸ਼ ਤੋਂ ਬਾਅਦ, ਇਸਨੂੰ ਸਾਊਦੀ ਅਰਬ ਦੇ ਰੇਗਿਸਤਾਨ ਵਿੱਚ ਸੁੱਟਣ ਦੀ ਕੋਸ਼ਿਸ਼  ਕੀਤੀ ਸੀ। ਅਖਬਾਰ ਅਨੁਸਾਰ, ਓਮਾਨੀ ਸਹਿ-ਪਾਇਲਟ ਹਮਾਮ ਅਲ-ਹਮਾਮੀ ਨੇ ਜਹਾਜ਼ 'ਤੇ ਕਾਬੂ ਪਾਉਣ ਦੀ ਕੋਸ਼ਿਸ਼ ਵਿੱਚ, ਭਾਰਤੀ ਪਾਇਲਟ ਕੈਪਟਨ ਸਮਿਤ ਮੱਛਾਰ 'ਤੇ ਹਮਲਾ ਕੀਤਾ ਸੀ।

ਇਜ਼ਰਾਈਲੀ ਖੁਫੀਆ ਸੂਤਰਾਂ ਦਾ ਹਵਾਲਾ ਦਿੰਦੇ ਹੋਏ, ਰਿਪੋਰਟ ਵਿੱਚ ਦਾਅਵਾ ਕੀਤਾ ਗਿਆ ਏ ਕਿ, ਅਲ-ਹੰਮਾਮੀ ਦੀ ਅਸਲ ਯੋਜਨਾ, ਕੈਪਟਨ ਸਮਿਤ ਮੱਛਾਰ ਨੂੰ ਮਾਰਨ, ਜਹਾਜ਼ ਨੂੰ ਇਜ਼ਰਾਈਲ ਦੇ ਸ਼ਹਿਰ ਤੇਲ ਅਵੀਵ ਲੈ ਜਾਣ ਅਤੇ ਉੱਥੇ ਇੱਕ ਉੱਚੀ ਇਮਾਰਤ ਨਾਲ ਟਕਰਾਉਣ ਦੀ ਸੀ। ਹਾਲਾਂਕਿ, ਜਦੋਂ ਇਸ ਯੋਜਨਾ ਨੂੰ ਪੂਰਾ ਕਰਨਾ ਸੰਭਵ ਨਹੀਂ ਹੋਇਆ, ਤਾਂ ਉਸਨੇ ਜਹਾਜ਼ ਨੂੰ ਰੇਗਿਸਤਾਨ ਵਿੱਚ ਹਾਦਸਾਗ੍ਰਸਤ ਕਰਨ ਦੀ ਕੋਸ਼ਿਸ਼ ਕੀਤੀ।

ਰਿਪੋਰਟ ਅਨੁਸਾਰ, ਉਸਨੇ ਆਟੋਪਾਇਲਟ ਨੂੰ ਬੰਦ ਕਰ ਦਿੱਤਾ ਅਤੇ ਜਹਾਜ਼ ਦਾ ਕੰਟਰੋਲ ਆਪਣੇ ਹੱਥ ਵਿੱਚ ਲੈ ਲਿਆ। ਲਗਭਗ 30 ਸਕਿੰਟਾਂ ਵਿੱਚ, ਜਹਾਜ਼ 16,000 ਫੁੱਟ ਹੇਠਾਂ ਆ ਗਿਆ ਅਤੇ ਜ਼ਮੀਨ ਨਾਲ ਟਕਰਾਉਣ ਦੀ ਹਾਲਤ ਵਿੱਚ ਪਹੁੰਚ ਗਿਆ। ਉਸਨੇ ਜਹਾਜ਼ ਦੇ ਕੰਟਰੋਲ ਸਿਸਟਮ ਨੂੰ ਵੀ ਨੁਕਸਾਨ ਪਹੁੰਚਾਉਣ ਦੀ ਕੋਸ਼ਿਸ਼ ਕੀਤੀ, ਪਰ ਮੁਸਾਫ਼ਰਾਂ ਨੇ ਉਸਨੂੰ ਕਾਬੂ ਕਰ ਲਿਆ।

---------------------------------------------------

ਨੌਜਵਾਨ ਮਾਮਲਿਆਂ ਅਤੇ ਖੇਡ ਮੰਤਰਾਲੇ ਦੇ ਰਾਸ਼ਟਰੀ ਯੁਵਾ ਪਲੇਟਫਾਰਮ 'MY Bharat' ਰਾਹੀਂ ਕੱਲ੍ਹ ਦੇਸ਼ ਭਰ ਵਿੱਚ 150 ਤੋਂ ਵੱਧ ਥਾਵਾਂ 'ਤੇ 'ਨਸ਼ਾ-ਮੁਕਤ ਨੌਜਵਾਨ' ਪਦਯਾਤਰਾ ਦਾ ਆਯੋਜਨ ਕੀਤਾ ਗਿਆ। ਇਸ ਸਮਾਗਮ ਵਿੱਚ ਇੱਕ ਲੱਖ ਤੋਂ ਵੱਧ ਨੌਜਵਾਨਾਂ ਅਤੇ ਨਾਗਰਿਕਾਂ ਨੇ ਹਿੱਸਾ ਲਿਆ।

'ਵਿਕਸਿਤ ਭਾਰਤ ਲਈ ਨਸ਼ਾ-ਮੁਕਤ ਨੌਜਵਾਨ ਮੁਹਿੰਮ' ਤਹਿਤ ਆਯੋਜਿਤ ਇਸ ਪਹਿਲਕਦਮੀ ਦਾ ਉਦੇਸ਼ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕਤਾ ਪੈਦਾ ਕਰਨਾ ਅਤੇ ਇੱਕ ਸਿਹਤਮੰਦ ਤੇ ਨਸ਼ਾ-ਮੁਕਤ ਜੀਵਨ ਸ਼ੈਲੀ ਨੂੰ ਉਤਸ਼ਾਹਿਤ ਕਰਨਾ ਏ।

---------------------------------------------------

ਭਾਰਤ ਨੇ ਕੱਲ੍ਹ ਜਾਪਾਨ ਦੇ ਆਈਚੀ-ਨਾਗੋਯਾ 'ਚ ਖਤਮ ਹੋਈਆਂ ਏਸ਼ੀਆਈ ਖੇਡਾਂ 'ਚ ਕੁੱਲ੍ਹ 85 ਤਮਗੇ ਜਿੱਤੇ ਨੇ। ਇਨ੍ਹਾਂ ਵਿੱਚ ਸੋਨੇ ਦੇ 21, ਚਾਂਦੀ ਦੇ 27 ਅਤੇ ਕਾਂਸੀ ਦੇ 37 ਤਮਗੇ ਸ਼ਾਮਲ ਨੇ। ਭਾਰਤ ਤਮਗਾ ਸੂਚੀ ਵਿੱਚ ਚੌਥੇ ਸਥਾਨ 'ਤੇ ਰਿਹਾ।

---------------------------------------------------

ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨੇ ਏਸ਼ੀਆਈ ਖੇਡਾਂ ਵਿੱਚ ਸ਼ਾਨਦਾਰ

ਕਾਰਗੁਜ਼ਾਰੀ ਦਿਖਾਉਣ ਵਾਲੇ ਭਾਰਤੀ ਖਿਡਾਰੀਆਂ—ਖਾਸ ਕਰਕੇ ਮਹਿਲਾ ਖਿਡਾਰਨਾਂ ਨੂੰ ਵਧਾਈ ਦਿੱਤੀ ਏ, ਜਿਨ੍ਹਾਂ ਨੇ ਬਿਹਤਰੀਨ ਪ੍ਰਦਰਸ਼ਨ ਕੀਤਾ।

ਸੋਸ਼ਲ ਮੀਡੀਆ 'ਤੇ ਇੱਕ ਪੋਸਟ ਵਿੱਚ, ਰਾਸ਼ਟਰਪਤੀ ਮੁਰਮੂ ਨੇ ਕਿਹਾ ਕਿ ਦੇਸ਼ ਨੂੰ ਭਾਰਤੀ ਦਲ ਦੇ ਹਰੇਕ ਮੈਂਬਰ 'ਤੇ ਮਾਣ ਏ, ਜਿਨ੍ਹਾਂ ਨੇ ਸਮਰਪਣ ਅਤੇ ਵਚਨਬੱਧਤਾ ਨਾਲ ਭਾਰਤ ਦੀ ਨੁਮਾਇੰਦਗੀ ਕੀਤੀ।

ਰਾਸ਼ਟਰਪਤੀ ਨੇ ਕਿਹਾ ਕਿ ਖਿਡਾਰੀਆਂ ਦੀ ਸਖ਼ਤ ਮਿਹਨਤ, ਹੁਨਰ ਅਤੇ ਸਮਰਪਣ ਨੇ ਦੇਸ਼ ਦਾ ਮਾਣ ਵਧਾਇਆ ਏ। ਉਨ੍ਹਾਂ ਨੇ ਸਾਰੇ ਖਿਡਾਰੀਆਂ ਨੂੰ ਉਨ੍ਹਾਂ ਦੇ ਖੇਡ ਸਫ਼ਰ ਵਿੱਚ ਨਿਰੰਤਰ ਸਫਲਤਾ ਲਈ ਸ਼ੁਭਕਾਮਨਾਵਾਂ ਵੀ ਦਿੱਤੀਆਂ।

---

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਵੀ ਏਸ਼ੀਆਈ ਖੇਡਾਂ 'ਚ ਦ੍ਰਿੜ੍ਹਤਾ, ਜਨੂੰਨ ਅਤੇ ਮਿਸਾਲੀ ਖੇਡ-ਭਾਵਨਾ ਨਾਲ ਦੇਸ਼ ਦੀ ਨੁਮਾਇੰਦਗੀ ਕਰਨ ਲਈ ਭਾਰਤੀ ਦਲ ਦੇ ਹਰੇਕ ਮੈਂਬਰ ਨੂੰ ਵਧਾਈ ਦਿੱਤੀ ਏ। ਆਪਣੇ ਸੰਦੇਸ਼ ਵਿੱਚ, ਉਨ੍ਹਾਂ ਨੇ ਸਾਰੇ ਤਮਗਾ ਜੇਤੂਆਂ ਨੂੰ ਵਧਾਈ ਦਿੱਤੀ ਅਤੇ ਕਿਹਾ ਕਿ ਉਨ੍ਹਾਂ ਦੇ ਸ਼ਾਨਦਾਰ ਪ੍ਰਦਰਸ਼ਨ ਨੇ ਪੂਰੇ ਦੇਸ਼ ਵਿੱਚ ਖੁਸ਼ੀ ਦਾ ਸੰਚਾਰ ਕੀਤਾ ਏ।

---

ਮੌਜੂਦਾ ਚੈਂਪੀਅਨ ਮੋਹਨ ਬਾਗਾਨ ਨੇ ਕੋਲਕਾਤਾ ਵਿੱਚ IFA ਸ਼ੀਲਡ

2026 ਫੁੱਟਬਾਲ ਟੂਰਨਾਮੈਂਟ ਦੇ ਸੈਮੀਫਾਈਨਲ ਵਿੱਚ, ਪੰਜਾਬ ਐਫ.ਸੀ. ਨੂੰ ਪੈਨਲਟੀ ਸ਼ੂਟਆਊਟ ਵਿੱਚ 4-3 ਨਾਲ ਹਰਾ ਕੇ, ਫਾਈਨਲ ਵਿੱਚ ਆਪਣੀ ਜਗ੍ਹਾ ਪੱਕੀ ਕਰ ਲਈ ਏ।

ਫਾਈਨਲ ਵਿੱਚ, ਮੋਹਨ ਬਾਗਾਨ ਦਾ ਮੁਕਾਬਲਾ ਅੱਜ ਈਸਟ ਬੰਗਾਲ ਅਤੇ ਨੌਰਥ-ਈਸਟ ਯੂਨਾਈਟਿਡ ਵਿਚਕਾਰ ਖੇਡੇ ਜਾਣ ਵਾਲੇ ਦੂਜੇ ਸੈਮੀ-ਫਾਈਨਲ ਦੇ ਜੇਤੂ ਨਾਲ ਹੋਵੇਗਾ।

---

- ਪ੍ਰਧਾਨ ਮੰਤਰੀ ਨਰੇਂਦਰ ਮੋਦੀ ਅਤੇ ਸਵਿਟਜ਼ਰਲੈਂਡ ਦੇ ਰਾਸ਼ਟਰਪਤੀ Guy Parmelin ਅੱਜ ਨਵੀਂ ਦਿੱਲੀ ਵਿੱਚ ਦੁਵੱਲੀ ਗੱਲਬਾਤ ਕਰਨਗੇ।

- ਭਾਰਤ ਅਤੇ ਕੈਨੇਡਾ, ਤਜਵੀਜ਼ਸ਼ੁਦਾ 'ਵਿਆਪਕ ਆਰਥਿਕ ਭਾਈਵਾਲੀ ਸਮਝੌਤੇ' (CEPA) ਲਈ ਗੱਲਬਾਤ ਦਾ ਪੰਜਵਾਂ ਗੇੜ ਅੱਜ ਕੈਨੇਡਾ ਦੀ ਰਾਜਧਾਨੀ ਓਟਾਵਾ ਵਿੱਚ ਸ਼ੁਰੂ ਕਰਨਗੇ।

- ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਕਿਹਾ ਏ ਕਿ ਵਿਕਸਿਤ ਭਾਰਤ ਦੇ ਟੀਚੇ ਨੂੰ ਹਾਸਿਲ ਕਰਨ ਲਈ, ਅਜਿਹੀ ਆਰਥਿਕਤਾ ਜ਼ਰੂਰੀ ਏ, ਜਿੱਥੇ ਹਰ ਤਰ੍ਹਾਂ ਦੇ ਉੱਦਮਾਂ ਨੂੰ ਵਧਣ ਦੇ ਮੌਕੇ ਮਿਲਣ।

- ਕੇਂਦਰੀ ਮੰਤਰੀ ਸਰਬਾਨੰਦ ਸੋਨੋਵਾਲ ਅੱਜ ਅਸਾਮ ਦੇ ਡਿਬਰੂਗੜ੍ਹ ਤੋਂ ਪਹਿਲੇ ਅੰਤਰਰਾਸ਼ਟਰੀ ਮਾਲਵਾਹਕ ਜਹਾਜ਼ ਨੂੰ ਰਵਾਨਾ ਕਰਨਗੇ।

- Fly dubai ਉਡਾਨ ਦੇ ਓਮਾਨੀ ਸਹਿ-ਪਾਇਲਟ ਨੇ, ਜਹਾਜ਼ ਨੂੰ ਅਗਵਾ ਕਰਨ ਦੀ ਨਾਕਾਮ ਕੋਸ਼ਿਸ਼ ਤੋਂ ਬਾਅਦ, ਉਸਨੂੰ ਸਾਊਦੀ ਅਰਬ ਦੇ ਰੇਗਿਸਤਾਨ ਵਿੱਚ ਸੁੱਟਣ ਦੀ ਕੋਸ਼ਿਸ਼ ਕੀਤੀ ਸੀ।

---

**ਇਸ ਦੇ ਨਾਲ ਹੀ ਰਾਸ਼ਟਰੀ ਖਬਰਾਂ ਦਾ ਇਹ ਬੁਲੇਟਿਨ ਖਤਮ ਹੁੰਦਾ ਏ। ਸਾਡਾ ਅਗਲਾ ਪ੍ਰਾਦੇਸ਼ਿਕ ਖਬਰਾਂ ਦਾ ਬੁਲੇਟਿਨ ਦੁਪਹਿਰ ਬਾਅਦ 1 ਵਜ ਕੇ 10 ਮਿੰਟ 'ਤੇ ਹੋਏਗਾ। ਨਮਸਕਾਰ!**